
# ਪਾਠ-1
# ਪੰਜਾਬੀ ਸੱਭਿਆਚਾਰ

**ਪ੍ਰਸ਼ਨ-1 : ਸੱਭਿਆਚਾਰ ਤੋਂ ਕੀ ਭਾਵ ਹੈ ?**

ਉੱਤਰ : ਸੱਭਿਆਚਾਰ ਦੋ ਸ਼ਬਦਾਂ ਸੱਭਿਆ+ ਆਚਾਰ ਦਾ ਸੁਮੇਲ ਹੈ, ਜਿਸਦੇ ਅਰਥ ਹਨ ਸੱਭਿਅਕ ਜੀਵਨ ਵਿਵਹਾਰ। ਸੱਭਿਆਚਾਰ ਕਿਸੇ ਵਿਸ਼ੇਸ਼ ਇਲਾਕੇ ਜਾਂ ਖਿੱਤੇ ਵਿੱਚ ਵਸਦੇ ਲੋਕਾਂ ਦੀ ਜੀਵਨ-ਜਾਂਚ ਜਾਂ ਜੀਵਨ ਜਿਉਣ ਦੇ ਢੰਗ ਨੂੰ ਕਿਹਾ ਜਾਂਦਾ ਹੈ। ਇਸ ਵਿੱਚ ਸਮੁੱਚੀ ਕੌਮ ਦਾ ਰਹਿਣ ਸਹਿਣ, ਰਿਸ਼ਤੇ ਨਾਤੇ, ਜੀਵਨ ਜਾਚ, ਮੇਲੇ ਤਿਉਹਾਰ, ਕਿੱਤੇ, ਲੋਕ ਨਾਚ, ਲੋਕ ਸੰਗੀਤ, ਭਾਸ਼ਾ, ਪਹਿਰਾਵਾ, ਗਹਿਣੇ ਤੇ ਖਾਣ-ਪੀਣ ਦਾ ਢੰਗ-ਕਹਿਣ ਤੋਂ ਭਾਵ ਸਮੁੱਚੇ ਜੀਵਨ ਨਾਲ ਸੰਬੰਧਿਤ ਹਰ ਪੱਖ ਦਾ ਵਰਨਣ ਸ਼ਾਮਿਲ ਹੈ। ਪੰਜਾਬੀ ਕੌਮ ਦਾ ਸੱਭਿਆਚਾਰ ਪੰਜਾਬੀ ਸਾਰੀ ਦੁਨੀਆਂ ਵਿੱਚ ਵਿਲੱਖਣ ਹੈ।

**ਪ੍ਰਸ਼ਨ-2 : ਸੱਭਿਆਚਾਰ ਅਤੇ ਉਪ-ਸੱਭਿਆਚਾਰ ਵਿੱਚ ਕੀ ਫਰਕ ਹੈ ?**

ਉੱਤਰ : ਸੱਭਿਆਚਾਰ ਦਾ ਖੇਤਰ ਵੱਡਾ ਹੁੰਦਾ ਹੈ ਜਿਵੇਂ ਭਾਰਤੀ ਸੱਭਿਆਚਾਰ, ਉਪ ਸੱਭਿਆਚਾਰ-ਸੱਭਿਆਚਾਰ ਦਾ ਇੱਕ ਅੰਗ ਹੁੰਦਾ ਹੈ ਜ਼ੋ ਮੁੱਖ ਸੱਭਿਆਚਾਰ ਨਾਲੋਂ ਭਾਸ਼ਾ, ਜਾਤੀ ਜਾਂ ਭੂਗੋਲਿਕ ਇਕਾਈ ਕਰਕੇ ਵੱਖਰਾ ਹੁੰਦਾ ਹੈ।



ਭਾਰਤੀ ਸੱਭਿਆਚਾਰ ਦੇ ਅੰਤਰਗਤ ਉਪ ਸੱਭਿਆਚਾਰ, ਆਪੋ ਆਪਣੇ ਇਲਾਕੇ ਵਿੱਚ ਮੁੱਖ ਸੱਭਿਆਚਾਰ ਹਨ ਤੇ ਇਹਨਾਂ ਦੇ ਅੱਗੋਂ ਉੱਪ ਸੱਭਿਆਚਾਰ ਹਨ। ਜਿਵੇਂ ਭਾਰਤ ਦੇ ਉਪ ਸੱਭਿਆਚਾਰ ਵਿੱਚ ਪੰਜਾਬੀ ਸੱਭਿਆਚਾਰ ਹੈ ਅਤੇ ਪੰਜਾਬੀ ਸੱਭਿਆਚਾਰ ਦੇ ਮਾਝੀ, ਮਲਵਈ, ਦੁਆਬੀ ਤੇ ਪੁਆਧੀ ਉਪ ਸੱਭਿਆਚਾਰ ਹਨ।

ਪ੍ਰਸ਼ਨ-3 : ਪੰਜਾਬੀ ਸੱਭਿਆਚਾਰ ਦਾ ਇਤਿਹਾਸਿਕ ਪਿਛੋਕੜ ਵਰਨਣ ਕਰੋ ?

ਉੱਤਰ :

| | | |
|---|---|---|
| 1. | ਰਿਗਵੇਦ | ਸਪਤ ਸਿੰਧੂ |
| 2. | ਮਹਾਂਭਾਰਤਕਾਲ | ਪੰਚਨਦ |
| 3. | ਮੁਸਲਮਾਨਾਂ ਦੀ ਆਮਦ | ਪੰਜ + ਆਬ |
| 4. | ਹਿੰਦ-ਪਾਕਵੰਡ | 1947 |
| 5. | ਭਾਰਤੀ ਪੰਜਾਬ ਦੀ ਭਾਸ਼ਾਈ ਵੰਡ | 1 ਨਵੰਬਰ 1966 |

ਪੰਜਾਬੀ ਸੱਭਿਆਚਾਰ ਭਾਰਤੀ ਸੱਭਿਆਚਾਰ ਦਾ ਇੱਕ ਅੰਗ ਹੈ। ਇਸ ਦਾ ਇਤਿਹਾਸ ਵੈਦਿਕ ਕਾਲ ਤੋ ਹੁੰਦਾ ਹੈ, ਇਸ ਕਾਲ ਦਾ ਸਭ ਤੋਂ ਵੱਡਾ ਗਰੰਥ ਰਿਗਵੇਦ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਤੇ ਰਚਿਆ ਗਿਆ। ਉਸ ਵੇਲੇ ਸੱਤ ਦਰਿਆ ਵਗਦੇ ਹੋਣ ਕਾਰਨ ਪੰਜਾਬ ਦਾ ਨਾਂ ਸਪਤ-ਸਿੰਧੂ ਸੀ। ਮਹਾਂ-ਭਾਰਤ ਯੁੱਗ ਵਿੱਚ ਪੰਜਾਬ ਦਾ ਨਾਮ ਪੰਚ-ਨਦ ਸੀ। ਮੁਸਲਮਾਨਾਂ ਦੀ ਆਮਦ ਨਾਲ, ਫਾਰਸੀ ਭਾਸ਼ਾ ਵਿੱਚ ਇਸ ਨੂੰ ਪੰਜਜ਼ ਆਬ ਕਿਹਾ ਜਾਣ ਲੱਗਾ। ਪ੍ਰਮੁੱਖ ਧਾਰਮਿਕ ਗਰੰਥ ਭਗਵਤ ਗੀਤਾ ਤੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਇਸ ਧਰਤੀ ਤੇ ਰਚੇ ਗਏ। ਤਕਸ਼ਿਲਾ ਯੂਨੀਵਰਸਿਟੀ ਇੱਥੇ ਹੀ ਸੀ। ਗੁਰੂ ਸਾਹਿਬਾਨ ਦੀ ਮਾਨਵਵਾਦੀ ਸੋਚ ਕਾਰਨ ਨਵੇਂ ਸਿੱਖ ਫਲਸਫੇ ਦੀ ਨੀਂਹ ਨੇ ਪੰਜਾਬੀ ਸੱਭਿਆਚਾਰ ਨੂੰ ਵਿਲੱਖਣ ਦਿੱਖ ਪ੍ਰਦਾਨ ਕੀਤੀ ਹੈ। 1947 ਵਿੱਚ ਪੰਜਾਬ ਦੋ ਭਾਗਾਂ ਵਿੱਚ ਵੰਡਿਆ ਗਿਆ ਅਤੇ 1 ਨਵੰਬਰ 1966 ਨੂੰ ਪੰਜਾਬੀ ਸੂਬੇ ਦੀ ਸਥਾਪਨਾ ਹੋਈ ਤੇ ਭਾਸ਼ਾ ਦੇ ਆਧਾਰ ਵਿੱਚ ਵੰਡਣ ਨਾਲ ਪੰਜਾਬ ਛੋਟਾ ਹੋ ਗਿਆ ਹੈ ਤੇ ਕੁਝ ਇਲਾਕੇ ਹਰਿਆਣੇ ਤੇ ਹਿਮਾਚਲ ਵਿੱਚ ਚਲੇ ਗਏ।

ਪ੍ਰਸ਼ਨ-4 : ਪੰਜਾਬੀ ਸੱਭਿਆਚਾਰ ਦੇ ਪ੍ਰਮੁੱਖ ਲੱਛਣ ਜਾਂ ਵਿਲੱਖਣਤਾ ਦੱਸੋ ?

ਉੱਤਰ : ਸੂਰਮਿਆਂ ਦੀ ਕੌਮ ਹੈ, ਕੁਰਬਾਨੀ ਦੀ ਭਾਵਨਾ ਹੈ, ਅਣਖੀ ਹਨ, ਜ਼ੁਲਮ ਦਾ ਡਟ ਕੇ ਮੁਕਾਬਲਾ ਕਰਦੇ ਹਨ।

1) ਮਿੱਸਾਪਣ, ਬਹੁਤ ਜਾਤਾਂ ਧਰਮਾਂ ਦਾ ਸੁਮੇਲ ਹੈ। ਬੋਲੀ, ਪਹਿਰਾਵੇ, ਰੀਤੀ ਰਿਵਾਜਾਂ ਤੇ ਬਹੁਕੌਮੀ ਬਹੁਨਸਲੀ ਹੋਣ ਦੇ ਪ੍ਰਮਾਣ ਮਿਲਦੇ ਹਨ।
2) ਮਿਹਨਤੀ ਸੁਭਾ ਦੇ ਮਾਲਕ ਹਨ।
3) ਪਿਆਰ ਦੇ ਨਾਮ ਤੇ ਜਾਨ ਕੁਰਬਾਨ ਕਰ ਦਿੰਦੇ ਹਨ ਪਰ ਟੈਂ ਨਹੀਂ ਮੰਨਦੇ।
4) ਬਿਹਤਰ ਜੀਵਨ ਜਿਊਣ ਦੀ ਇੱਛਾ ਤਤਪਰ ਹੈ, ਜਿਸ ਕਰਕੇ ਪਰਵਾਸ ਵੀ ਕਰ ਰਹੇ ਹਨ।

**ਡਾ.ਪੁਸ਼ਵਿੰਦਰ ਕੌਰ,ਲੈਕਚਰਾਰ**

**ਸਰਕਾਰੀ ਕੋ ਐਡ.ਮਲਟੀਪਰਪਜ ਸਕੂਲ,ਪਟਿਆਲਾ**

**81465-96565**